NZ ਤਸਵੀਰ NEWS
ਆਨਲਾਈਨ ਈ-ਪੇਪਰ
ਵਿਚ ਇਸ਼ਤਿਹਾਰ
ਦੇਣ ਲਈ
ਸੰਪਰਕ ਕਰੋ
09 390 4644



The true picture of your local community

# NZ ਤਸਵੀਰ NEWS

www.nztasveernews.co.nz || ਪੰਜਾਬੀ ਅਖ਼ਬਾਰ || NZ Tasveer News



0800 CLEANUS
RED CLEANING
Old & New Build House Cleaning (Inside & Outside)
Home Cleaning
Carpet Cleaning
Floor Polishing
Water Blaster
Lawn Mowing
Carpet Cleaning 3 Bedroom $ 120
ਹੋਮ ਕਲੀਨਿੰਗ
ਕਾਰਪੇਟ ਕਲੀਨਿੰਗ
ਫਲੋਰ ਪੋਲਿਸ਼ਿੰਗ
ਵਾਟਰ ਬਲਾਸਟਰ
ਲਾਅਨ ਮੂਵਿੰਗ
ਘਰਾਂ ਜਾਂ ਆਫਿਸ ਵਿਚ ਕਾਰਪੇਟ ਕਲੀਨਿੰਗ ਜਾਂ ਵਿੰਡੋਜ਼ ਕਲੀਨਿੰਗ ਲਈ ਅੱਜ ਹੀ ਸੰਪਰਕ ਕਰੋ
CONTACT RAJ : 021874730, 021874702,
www.redcleaning.co.nz



01 DECEMBER 2019 Daily, editornztasveer@gmail.com designnztasveer@gmail.com Ph/Fax: 09 390 4644


## ਨਿਊਜ਼ੀਲੈਂਡ ਸਿੱਖ ਖੇਡਾਂ ਸਫਲਤਾਪੂਰਵਕ ਸੰਪੰਨ, ਮਹਿਲਾ ਕਬੱਡੀ ਟਰਾਫੀ ਤੇ ਭਾਰਤੀ ਟੀਮ ਦਾ ਕਬਜ਼ਾ



ਆਕਲੈਂਡ - : 30 ਨਵੰਬਰ ਤੋਂ ਸ਼ੁਰੂ ਹੋਈਆਂ ਦੋ ਦਿਨਾ ਸਿੱਖ ਖੇਡਾਂ ਅੱਜ ਸ਼ਾਨਦਾਰ ਅੰਦਾਜ਼ ਵਿਚ ਸਫਲਤਾਪੂਰਵਕ ਸੰਪੰਨ ਹੋ ਗਈਆਂ। ਸਵੇਰ ਤੋਂ ਵੱਖ-ਵੱਖ ਖੇਡਾਂ ਦੇ ਸੈਮੀਫਾਈਨਲ ਅਤੇ ਫਾਈਨਲ ਮੈਚ ਚੱਲ ਰਹੇ ਸਨ। ਵੱਡੀ ਗਿਣਤੀ 'ਚ ਪਹੁੰਚੇ ਆਸਟਰੇਲੀਆ ਅਤੇ ਸਥਾਨਕ ਲੋਕ ਜਿੱਥੇ ਕਬੱਡੀ ਮੈਚਾਂ ਦਾ ਆਨੰਦ ਮਾਣਦੇ ਰਹੇ, ਉਥੇ ਹੀ ਉਨ੍ਹਾਂ ਸਟੇਜ 'ਤੇ ਚੱਲ ਰਹੇ ਰੰਗਾਰੰਗ ਪ੍ਰੋਗਰਾਮ, ਬੱਚਿਆਂ ਲਈ ਬਣਾਏ ਗਏ ਖਾਸ ਕਿੱਡਜ਼ ਜ਼ੋਨ ਅਤੇ ਗੁਰੂ ਕੇ ਲੰਗਰਾਂ ਵਿਚ ਵੀ ਪੰਗਤ 'ਚ ਬੈਠ ਕੇ ਹਾਜ਼ਰੀ ਲਵਾਈ। ਮੁੱਖ ਸਟੇਜ 'ਤੇ ਜਿੱਥੇ ਗਿੱਧੇ ਤੇ ਭੰਗੜੇ ਦੀਆਂ ਟੀਮਾਂ ਛਾਈਆਂ ਰਹੀਆਂ, ਉਥੇ ਹੀ ਪੰਜਾਬ ਤੋਂ ਪਹੁੰਚੇ ਗਾਇਕ ਹਰਮਿੰਦਰ ਨੂਰਪੁਰੀ ਨੇ ਵੀ ਚੋਖਾ ਰੰਗ ਬੰਨ੍ਹਿਆ। ਉਨ੍ਹਾਂ ਸਿੱਖ ਖੇਡਾਂ ਦਾ ਵਿਸ਼ੇਸ਼ ਗੀਤ 'ਸਿੱਖ ਖੇਡਾਂ ਨਿਊਜ਼ੀਲੈਂਡ ਦੀਆਂ ਹਨ ਸ਼ਾਨ ਪੰਜਾਬੀਆਂ ਦੀਂ', 'ਹੁਣ ਨਾ ਮਹਿਫਲ ਜੁੜਦੀ ਏ ਮੇਰੇ ਪਿੰਡ ਦੀਆਂ ਸੱਥਾਂ 'ਤੇਂ, 'ਖੁੱਲ੍ਹੇ ਬੂਹੇ ਮਿੱਤਰਾਂ ਦੇ ਜਦੋਂ ਮਰਜ਼ੀ ਮਾਰ ਜਈ ਗੇੜਾਂ' ਗਾ ਕੇ ਸੁਣਾਇਆ।ਗੀਤਕਾਰ ਹਰਵਿੰਦਰ ਉਹੜਪੁਰੀ ਨੇ ਵੀ ਇਸ ਮੌਕੇ ਦਰਸ਼ਕਾਂ ਨਾਲ ਕੁਝ ਗੀਤਾਂ ਦੇ ਬੋਲਾਂ ਨਾਲ ਸ਼ਾਇਰੀਨੁਮਾ ਸਾਂਝ ਪਾਈ। ਕਬੱਡੀ ਦੇ ਮੈਚ ਉਪਰੰਤ ਮੀਂਹ ਸ਼ੁਰੂ ਹੋਣ ਕਾਰਣ ਹਾਲਾਂਕਿ ਥੋੜ੍ਹਾ ਅੜਿੱਕਾ ਪਿਆ ਪਰ ਦਰਸ਼ਕਾਂ ਨੇ ਮੀਂਹ ਵਿਚਾਲੇ ਵੀ ਖਿਡਾਰੀਆਂ ਦੀ ਪੂਰੀ ਹਮਾਇਤ ਕੀਤੀ। ਇਸ ਤੋਂ ਬਾਅਦ ਪ੍ਰਸਿੱਧ ਪੰਜਾਬੀ ਗਾਇਕ ਦੇਬੀ ਮਖਸੂਸਪੁਰੀ ਨੇ ਦਰਸ਼ਕਾਂ ਨੂੰ ਕੀਲੀ ਰੱਖਿਆ। ਸਮਾਪਤੀ ਵੇਲੇ ਜੇਤੂਆਂ ਅਤੇ ਉਪ ਜੇਤੂਆਂ ਨੂੰ ਟਰਾਫੀਆਂ ਦੇ ਕੇ ਸਨਮਾਨਿਤ ਕੀਤਾ ਗਿਆ। ਨਿਊਜ਼ੀਲੈਂਡ ਪੁਲਸ ਦੇ ਜਵਾਨਾਂ ਨੂੰ ਗਰੇਵਾਲ ਬ੍ਰਦਰਜ਼ ਵਲੋਂ ਬਦਾਮਾਂ ਦੇ ਪੈਕੇਟਾਂ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਨਵਤੇਜ ਰੰਧਾਵਾ, ਪਰਮਿੰਦਰ ਸਿੰਘ ਪਾਪਾ ਟੋਏ ਟੋਏ, ਨਰਿੰਦਰਬੀਰ ਸਿੰਘ, ਲਵਲੀਨ ਨਿੱਝਰ, ਜੱਸੀ ਸਿੰਘ, ਹਰਮੀਕ ਸਿੰਘ ਮੁਕਤਸਰ ਅਤੇ ਹੋਰ ਕਈ ਕਲਾਕਾਰਾਂ ਨੇ ਆਪਣਾ ਯੋਗਦਾਨ ਪਾਇਆ। ਅਮਰੀਕ ਸਿੰਘ ਅਤੇ ਸੋਹਣ ਸਿੰਘ ਨੇ ਸਟੇਜ 'ਤੇ ਸਾਜਾਂ ਅਤੇ ਭੰਗੜੇ ਨਾਲ ਸਾਥ ਦਿੱਤਾ। ਮਿਊਜ਼ੀਕਲ ਚੇਅਰ ਵਿਚ ਵੀ ਖੂਬ ਹਾਸਾ-ਠੱਠਾ ਹੋਇਆ। ਦਸਤਾਰਾਂ ਸਜਾਉਣ ਦਾ ਕਾਰਜ ਇਕ ਵਾਰ ਫਿਰ ਮਨਜੀਤ ਸਿੰਘ ਫਿਰੋਜ਼ਪੁਰੀਆ, ਬੀਬੀ ਅਰਵਿੰਦਰ ਕੌਰ ਅਤੇ ਕੁਲਦੀਪ ਸਿੰਘ ਰਾਜਾ ਨੇ ਕੀਤਾ। ਸੋਹਣੀ ਦਸਤਾਰ ਦੇ ਮੁਕਾਬਲੇ ਵਿਚ ਇਨਾਮ ਵੰਡੇ ਗਏ। ਅੰਤਿਮ ਨਤੀਜਿਆਂ ਵਿਚ ਪੁਰਸ਼ਾਂ ਦੇ ਹੋਏ ਕਬੱਡੀ ਮੈਚ ਵਿਚ ਮੀਰੀ-ਪੀਰੀ ਆਸਟਰੇਲੀਆ ਨੇ ਬੇਅ ਆਫ ਪਲੈਨਟੀ ਕਲੱਬ ਨੂੰ ਹਰਾ ਕੇ ਟਰਾਫੀ ਦੀ ਫਲਾਈਟ ਪੱਕੀ ਕੀਤੀ। ਮਹਿਲਾਵਾਂ ਦੇ ਹੋਏ ਕਬੱਡੀ ਮੁਕਾਬਲੇ ਵਿਚ ਇੰਡੀਆ ਦੀ ਟੀਮ ਜੇਤੂ ਰਹੀ ਅਤੇ ਟਰਾਫੀ 'ਤੇ ਆਪਣਾ ਕਬਜ਼ਾ ਕਾਇਮ ਰੱਖਿਆ।400 ਮੀਟਰ ਦੀ ਦੌੜ ਜਗਜੀਤ ਸਿੰਘ ਸਿੱਧੂ ਨੇ ਜਿੱਤੀ ਤੇ ਉਹ 100 ਅਤੇ 200 ਮੀਟਰ ਦੀ ਦੌੜ ਵਿਚ ਵੀ ਤੀਜੇ ਸਥਾਨ 'ਤੇ ਰਿਹਾ। 60 ਸਾਲ ਦੀ ਉਮਰ ਵਰਗ ਵਿਚ ਖੜਕ ਸਿੰਘ ਨੇ 400 ਮੀਟਰ ਅਤੇ 100 ਮੀਟਰ ਦੌੜ ਵਿਚ ਪਹਿਲਾ ਇਨਾਮ ਹਾਸਲ ਕੀਤਾ। ਕਲੇਅ ਸ਼ੂਟਿੰਗ ਮੁਕਾਬਲੇ ਵਿਚ ਬ੍ਰਿਜੇਸ਼ ਸਿੰਘ ਸੰਧੂ ਪਹਿਲੇ, ਡੌਨ ਗਰੇਵਾਲ ਦੂਜੇ, ਰਣਬੀਰ ਸਿੰਘ ਸੰਧੂ ਤੀਜੇ ਤੇ ਲਾਲੀ ਸੰਧੂ ਚੌਥੇ ਨੰਬਰ 'ਤੇ ਰਹੇ। ਖੇਡਾਂ ਦੀ ਸਮਾਪਤੀ ਉਪਰੰਤ ਮੁੱਖ ਪ੍ਰਬੰਧਕ ਦਿਲਜੀਤ ਸਿੱਧੂ ਅਤੇ ਤਾਰਾ ਸਿੰਘ ਬੈਂਸ ਵਲੋਂ ਜਿੱਥੇ ਸਥਾਨਕ ਦਰਸ਼ਕਾਂ ਦਾ ਧੰਨਵਾਦ ਕੀਤਾ ਗਿਆ, ਉਥੇ ਹੀ ਉਨ੍ਹਾਂ ਪਿਛਲੇ 32 ਸਾਲਾਂ ਤੋਂ ਆਸਟਰੇਲੀਆ 'ਚ ਸਿੱਖ ਖੇਡਾਂ ਕਰਵਾ ਰਹੀ ਟੀਮ ਦੇ ਮੈਂਬਰ ਮਨਜੀਤ ਬੋਪਾਰਾਏ, ਸਤਨਾਮ ਪਾਬਲਾ, ਰਣਜੀਤ ਖੇੜਾ ਅਤੇ ਮੁਖਤਾਰ ਬਾਸੀ ਦਾ ਵੀ ਵਿਸ਼ੇਸ਼ ਸਨਮਾਨ ਕੀਤਾ। ਦਿਲਜੀਤ ਸਿੱਧੂ ਨੇ ਐਲਾਨ ਕੀਤਾ ਕਿ ਉਹ ਹਰ ਸਾਲ ਇਨ੍ਹਾਂ ਖੇਡਾਂ ਨੂੰ ਕਰਵਾਉਣ ਲਈ ਯਤਨਸ਼ੀਲ ਰਹਿਣਗੇ।

## ਨਿਊਜੀਲੈਂਡ 'ਚ ਅਮਰੀਕਨ ਕੰਪਨੀ ਨੂੰ ਰੈੱਡਵੁੱਡ ਦਰੱਖ਼ਤ ਉਗਾਉਣ ਲਈ ਮਿਲੀ ਪ੍ਰਵਾਨਗੀ

ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ)ਕੁੱਝ ਸਮਾਂ ਪਹਿਲਾਂ ਅਮਰੀਕਾ ਵਿਚ ਰੈਡਵੁੱਡ, (ਸਿਕੋਇਆ )ਦਰੱਖਤ



ਨੂੰ ਕੱਟਣ 'ਤੇ ਸਖਤ ਪਾਬੰਦੀਆਂ ਲਗਾ ਦਿੱਤੀਆਂ ਗਈਆਂ ਸਨ ਜਿਸ ਕਰਕੇ ਲੋਕਾਂ ਨੂੰ ਬਿਲਡਿੰਗ ਸਮੱਗਰੀ ਦੇ ਤੌਰ 'ਤੇ ਇਸ ਦੀ ਵਰਤੋਂ ਕਰਲ ਲਈ ਕਾਫੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਇਆ ਸੀ।ਰੈਡਵੁੱਡ (ਸਿਕੋਇਆ )ਲੱਕੜ ਵਿਸ਼ੇਸ਼ ਤੌਰ 'ਤੇ ਸਜਾਵਟ ਅਤੇ ਬਾਹਰੀ ਫਰਨੀਚਰ ਵਰਗੀਆਂ ਚੀਜ਼ਾਂ ਲਈ ਪ੍ਰਸਿੱਧ ਹੈ, ਕਿਉਂਕਿ ਇਹ ਆਕਰਸ਼ਕ ਅਤੇ ਮਜ਼ਬੂਤੀ ਦੋਵਾਂ ਦਾ ਕੰਮ ਕਰਦੀ ਹੈ।ਲੋੜ ਨੂੰ ਪੂਰਾ ਕਰਨ ਲਈ, ਕੈਲੀਫੋਰਨੀਆ ਦੀ ਸੋਪਰ ਵ੍ਹੀਲਰ ਕੰਪਨੀ ਨੇ 2001 ਵਿਚ ਨਿਊਜ਼ੀਲੈਂਡ 'ਚ ਰੈੱਡਵੁਡ ਕੰਪਨੀ ਸਥਾਪਤ ਕੀਤੀ ਸੀ ।।ਨਿਊਜ਼ੀਲੈਂਡ 'ਚ ਨਮੀ ਵਾਲਾ ਮੌਸਮ ਕੈਲੀਫੋਰਨੀਆ ਦੇ ਮੁਕਾਬਲੇ ਸਿਕੋਇਆ ਦਰੱਖਤਾਂ ਲਈ ਬਹੁਤ ਜਿਆਦਾ ਢੁਕਵਾਂ ਹੈ।ਫਰਮ ਨੇ ਪਹਿਲਾਂ ਹੀ ਇੱਥੇ 3000 ਹੈਕੇਟਰ ਵਿੱਚ ਸਿਕੋਇਆ ਦੇ ਪੌਦੇ ਲਗਾਏ ਹਨ, ਜੋ ਕਿ ਯੂ ਐਸ ਵਿੱਚ ਵੇਚਣ ਲਈ ਸਨ।ਹੁਣ, ਓਵਰਸੀਜ਼ ਇਨਵੈਸਟਮੈਂਟ ਦਫਤਰ (ਓਆਈਓ) ਨੇ ਕੰਪਨੀ ਨੂੰ ਵਧੇਰੇ ਸਿਕੋਇਆ ਲਗਾਉਣ ਲਈ ਨਿਊਜ਼ੀਲੈਂਡ ਵਿਚ ਇਕ ਹੋਰ 4000 ਹੈਕੇਟਰ ਜ਼ਮੀਨ ਖਰੀਦਣ ਦਾ ਅਧਿਕਾਰ ਦਿੱਤਾ ਹੈ।

## ਨਿਊਜੀਲੈਂਡ ਸਰਕਾਰ ਬੁਨਿਆਦੀ ਢਾਂਚੇ ਦੇ ਪੈਕੇਜ ਨੂੰ ਤੇਜ਼ੀ ਨਾਲ ਲਾਗੂ ਕਰਨਾ ਚਾਹੁੰਦੀ ਹੈ

ਨਿਊਜੀਲੈਂਡ ਸਰਕਾਰ ਉਸ ਬੁਨਿਆਦੀ ਢਾਂਚੇ ਦੇ ਪੈਕੇਜ ਨੂੰ ਤੇਜ਼ੀ ਨਾਲ ਲਾਗੂ ਕਰਨਾ ਚਾਹੁੰਦੀ ਹੈ, ਜਿਸ ਨੂੰ ਵਿੱਤ ਮੰਤਰੀ ਨੇ 'ਮਹੱਤਵਪੂਰਨ' ਦੱਸਿਆ ਅਤੇ ਕਿਹਾ ਕਿ ਵਿਕਾਸ 'ਤੇ ਇਸ ਦਾ ਸਿੱਧਾ ਅਸਰ ਪਏਗਾ ਅਤੇ ਨੌਕਰੀਆਂ ਪੈਦਾ ਹੋਣਗੀਆਂ। ਕੋਈ ਹੋਰ ਵੇਰਵੇ ਜਾਰੀ ਕੀਤੇ ਬਗੈਰ, ਗ੍ਰਾਂਟ ਰੌਬਰਟਸਨ ਨੇ ਕਿਹਾ ਕਿ ਵਿਸ਼ੇਸ਼ ਪ੍ਰੋਜੈਕਟਾਂ ਨੂੰ ਅਜੇ ਅੰਤਮ ਰੂਪ ਦਿੱਤਾ ਜਾ ਰਿਹਾ ਹੈ, ਪਰ ਇਹ ਪੂਰੇ ਦੇਸ਼ ਵਿੱਚ ਜਲਦ ਲਾਗੂ ਕੀਤਾ ਜਾਵੇਗਾ। ਕੈਬਨਿਟ ਨੇ ਬੁਨਿਆਦੀ ਢਾਂਚੇ ਦੇ ਨਿਵੇਸ਼ ਨੂੰ ਮਹੱਤਵਪੂਰਣ ਹੁਲਾਰਾ ਦੇਣ ਲਈ ਸਹਿਮਤੀ ਦਿੱਤੀ ਹੈ, ਉਸਨੇ ਵੈਂਗਨੁਈ ਵਿੱਚ ਲੇਬਰ ਪਾਰਟੀ ਦੀ ਕਾਨਫਰੰਸ 'ਚ ਬੋਲਦਿਆਂ ਇਸ ਦਾ ਖੁਲਾਸਾ ਕੀਤਾ। ਉਨ੍ਹਾਂ ਕਿਹਾ ਕਿ "ਮੈਂ ਟਰੇਜਰੀ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਪ੍ਰੋਜੈਕਟਾਂ ਦੇ ਪੈਕੇਜ ਨੂੰ ਇਕੱਠੇ ਲਿਆਉਣ ਵਿੱਚ ਸਹਾਇਤਾ ਕਰਨ ਤਾਂ ਜੋ ਸਰਕਾਰ ਲਘੂ ਅਤੇ ਮੱਧਮ ਮਿਆਦ ਦੀ ਯੋਜਨਾਵਾਂ ਲਾਗੂ ਕੀਤੀਆ ਜਾ ਸਕਣ।ਇਹ ਐਲਾਨ ਵਾਧੂ ਕਰਜਾ ਲੈਣ ਦਾ ਸੰਕੇਤ ਦਿੰਦਾ ਹੈ, ਸ੍ਰੀ ਰਾਬਰਟਸਨ ਨੇ ਕਿਹਾ ਕਿ ਹੁਣ "ਨਿਵੇਸ਼ ਕਰਨ ਦਾ ਸਮਾਂ" ਆ ਗਿਆ ਹੈ।ਉਸਨੇ ਕਿਹਾ ਕਿ ਇਹ ਉਦੋਂ ਵਾਪਰਦਾ ਹੈ ਜਦੋਂ ਵਿਆਜ ਦੀਆਂ ਦਰਾਂ 10 ਸਾਲਾਂ ਲਈ 1.3 ਪ੍ਰਤੀਸ਼ਤ ਰਹਿੰਦੀਆਂ ਹਨ।

## ਕੀਵੀਆਂ ਨੇ ਇੰਗਲੈਂਡ ਨੂੰ ਦਿੱਤੇ ਸ਼ੁਰੂਆਤੀ ਝਟਕੇ



ਹੈਮਿਲਟਨ-ਨਿਊਜ਼ੀਲੈਂਡ ਨੇ 375 ਦੌੜਾਂ ਬਣਾਉਣ ਤੋਂ ਬਾਅਦ ਇੰਗਲੈਂਡ ਦੀਆਂ ਦੋ ਵਿਕਟਾਂ ਜਲਦੀ ਹਾਸਲ ਕਰ ਕੇ ਇੱਥੇ ਸੇਡਨ ਪਾਰਕ ਮੈਦਾਨ ਖੇਡੇ ਜਾ ਰਹੇ ਦੂਜੇ ਕ੍ਰਿਕਟ ਟੈਸਟ ਦੇ ਦੂਜੇ ਦਿਨ ਆਪਣਾ ਪਲੜਾ ਭਾਰੀ ਰੱਖਿਆ। ਨਿਊਜ਼ੀਲੈਂਡ ਦੀ ਟੀਮ ਜਦ 191 ਦੌੜਾਂ 'ਤੇ ਪੰਜ ਵਿਕਟਾਂ ਗੁਆ ਚੁੱਕੀ ਸੀ ਤਾਂ ਪਹਿਲੇ ਟੈਸਟ ਦੇ ਹੀਰੋ ਬੀਜੇ ਵਾਟਲਿੰਗ (55) ਨੇ ਸ਼ੁਰੂਆਤ ਕਰ ਰਹੇ ਡੇਰਿਲ ਮਿਸ਼ੇਲ (73) ਨਾਲ ਛੇਵੀਂ ਵਿਕਟ ਲਈ 124 ਦੌੜਾਂ ਜੋੜ ਕੇ ਪਾਰੀ ਨੂੰ ਸੰਭਾਲਿਆ। ਇਸ ਦੇ ਜਵਾਬ ਵਿਚ ਇੰਗਲੈਂਡ ਦੀ ਸ਼ੁਰੂਆਤ ਬਹੁਤ ਖ਼ਰਾਬ ਰਹੀ ਤੇ ਉਸ ਨੇ ਦਿਨ ਦੀ ਖੇਡ ਸਮਾਪਤ ਹੋਣ ਤਕ ਸਲਾਮੀ ਬੱਲੇਬਾਜ਼ ਡਾਮੀਨਿਕ ਸਿਬਲੇ (04) ਤੇ ਜੋ ਡੇਨਲੀ (04) ਦੀਆਂ ਵਿਕਟਾਂ ਗੁਆ ਕੇ ਦੋ ਵਿਕਟਾਂ 'ਤੇ 39 ਦੌੜਾਂ ਬਣਾਈਆਂ। ਦਿਲ ਦੀ ਖੇਡ ਸਮਾਪਤ ਹੋਣ 'ਤੇ ਸਲਾਮੀ ਬੱਲੇਬਾਜ਼ ਰੋਰੀ ਬਰਨਜ਼ 24 ਜਦਕਿ ਕਪਤਾਨ ਜੋ ਰੂਟ ਛੇ ਦੌੜਾਂ ਬਣਾ ਕੇ ਖੇਡ ਰਹੇ ਸਨ। ਇੰਗਲੈਂਡ ਅਜੇ ਨਿਊਜ਼ੀਲੈਂਡ ਤੋਂ 336 ਦੌੜਾਂ ਪਿੱਛੇ ਹੈ।ਇਸ ਤੋਂ ਪਹਿਲਾਂ ਨਿਊਜ਼ੀਲੈਂਡ ਨੇ ਦਿਨ ਦੀ ਸ਼ੁਰੂਆਤ ਤਿੰਨ ਵਿਕਟਾਂ 'ਤੇ 173 ਦੌੜਾਂ ਨਾਲ ਕੀਤੀ ਪਰ ਜਲਦੀ ਹੀ ਕੱਲ੍ਹ ਦੇ ਦੋਵੇਂ ਅਜੇਤੂ ਬੱਲੇਬਾਜ਼ਾਂ ਟਾਮ ਲਾਥਮ (105) ਤੇ ਹੈਨਰੀ ਨਿਕੋਲਸ (16) ਦੀਆਂ ਵਿਕਟਾਂ ਗੁਆ ਦਿੱਤੀਆਂ। ਲਾਥਮ ਨੂੰ ਸਟੂਅਰਟ ਬਰਾਡ (73 ਦੌੜਾਂ 'ਤੇ ਚਾਰ ਵਿਕਟਾਂ) ਨੇ ਬੋਲਡ ਕੀਤਾ ਜਦਕਿ ਨਿਕੋਲਸ ਨੂੰ ਸੈਮ ਕੁਰਨ (63 ਦੌੜਾਂ 'ਤੇ ਦੋ ਵਿਕਟਾਂ) ਨੇ ਬਰਾਡ ਹੱਥੋਂ ਕੈਚ ਕਰਵਾਇਆ। ਪਹਿਲੇ ਟੈਸਟ ਵਿਚ ਦੋਹਰਾ ਸੈਂਕੜਾ ਲਾਉਣ ਵਾਲੇ ਵਾਟਲਿੰਗ ਤੇ ਮਿਸ਼ੇਲ ਨੇ ਪਾਰੀ ਨੂੰ ਸੰਵਾਰਿਆ। ਬਰਾਡ ਨੇ ਇਨ੍ਹਾਂ ਦੋਵਾਂ ਨੂੰ ਆਊਟ ਕਰ ਕੇ ਇੰਗਲੈਂਡ ਦੀ ਵਾਪਸੀ ਦਿਵਾਈ। ਨਿਊਜ਼ੀਲੈਂਡ ਦੀਆਂ ਆਖ਼ਰੀ ਚਾਰ ਵਿਕਟਾਂ 60 ਦੌੜਾਂ ਜੋੜਨ ਵਿਚ ਕਾਮਯਾਬ ਰਹੀਆਂ ਜਿਸ ਨਾਲ ਮੇਜ਼ਬਾਨ ਟੀਮ 350 ਤੋਂ ਜ਼ਿਆਦਾ ਦਾ ਸਕੋਰ ਖੜ੍ਹਾ ਕਰਨ ਵਿਚ ਕਾਮਯਾਬ ਰਹੀ। ਮਿਸ਼ੇਲ ਤੇ ਵਾਟਲਿੰਗ ਨੇ ਬਣਾਏ ਅਰਧ ਸੈਂਕੜੇ ਨਿਊਜ਼ੀਲੈਂਡ ਦੀ ਰਗਬੀ ਟੀਮ ਦੇ ਸਾਬਕਾ ਕੋਚ ਤੇ ਹੁਣ ਇੰਗਲੈਂਡ ਦੇ ਸਹਾਇਕ ਰਗਬੀ ਕੋਚ ਜਾਨ ਮਿਸ਼ੇਲ ਦੇ ਪੁੱਤਰ ਹਰਫ਼ਨਮੌਲਾ ਡੇਰਿਲ ਮਿਸ਼ੇਲ ਨੇ ਬੇਨ ਸਟੋਕਸ 'ਤੇ ਚੌਕੇ ਨਾਲ ਆਪਣਾ ਪਹਿਲਾ ਟੈਸਟ ਅਰਧ ਸੈਂਕੜਾ ਬਣਾਇਆ। ਉਨ੍ਹਾਂ ਨੇ 159 ਗੇਂਦਾਂ ਦੀ ਆਪਣੀ ਪਾਰੀ ਦੌਰਾਨ ਅੱਠ ਚੌਕੇ ਤੇ ਇਕ ਛੱਕਾ ਲਾਇਆ। ਵਾਟਲਿੰਗ ਨੇ ਕੁਰਨ 'ਤੇ ਚੌਕੇ ਨਾਲ ਆਪਣਾ 18ਵਾਂ ਅਰਧ ਸੈਂਕੜਾ ਲਾਇਆ। ਉਨ੍ਹਾਂ ਨੇ 192 ਗੇਂਦਾਂ ਦੀ ਆਪਣੀ ਪਾਰੀ ਵਿਚ ਸੱਤ ਚੌਕੇ ਲਾਏ।


